**ਪੰਜਾਬ ਸਕੂਲ ਸਿੱਖਿਆ ਬੋਰਡ**

| **ਵੱਲੋਂ** | **ਵੱਲ** |
| --- | --- |
| **ਸਕੱਤਰ,** | **ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ,** |
| **ਪੰਜਾਬ ਸਕੂਲ ਸਿੱਖਿਆ ਬੋਰਡ,** | **ਸਰਕਾਰੀ/ਏਡਿਡ/ਐਫੀਲੀਏਟਿਡ,** |
| **ਐਸ.ਏ.ਐਸ.ਨਗਰ(ਮੋਹਾਲੀ)160062** | **ਸੀਨੀ.ਸੈਕੰ.ਸਕੂਲ** |

**ਪੱਤਰ ਨੰ: ਪਸਸਬ–ਰਜਿ/ਮਾਈ2011–2012/9501 – 18500 ਮਿਤੀ:ਮੋਹਾਲੀ/04–05–2011**

**ਵਿਸ਼ਾ :– ਸਾਲ/ਸੈਸ਼ਨ 2011–2012 ਲਈ ਗਿਆਰ੍ਹਵੀਂ / ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ ਕੰਟੀਨਿਊਏਸ਼ਨ ਰਿਟਰਨਾਂ ਭੇਜਣ ਸਬੰਧੀ।**

ਸ਼੍ਰੀਮਾਨ / ਸ਼੍ਰੀਮਤੀ ਜੀ,

ਬੋਰਡ ਵੱਲੋਂ ਸਾਲ/ਸੈਸ਼ਨ 1997–98 ਤੋਂ ਵਿਦਿਆਰਥੀਆਂ ਦੀ ਰਜਿ: ਮਿਡਲ ਸ਼੍ਰੇਣੀ ਤੋਂ ਆਰੰਭੀ ਗਈ ਸੀ। ਜੋ ਵਿਦਿਆਰਥੀ ਸਾਲ/ ਸੈਸ਼ਨ 2011–12 ਵਿੱਚ ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਦੇਣਗੇ ਉਹਨਾਂ ਦਾ ਰਜਿ ਨੰ: ਲੱਗਿਆ ਹੋਣਾ ਜ਼ਰੂਰੀ ਹੈ। ਜਿਹੜੇ ਵਿਦਿਆਰਥੀ ਬੋਰਡ ਨਾਲ ਪਹਿਲਾਂ ਰਜਿਸਟਰਡ ਹੋਏ ਹਨ, ਉਹਨਾਂ ਦੀ ਰਜਿ: ਗਿਆਰ੍ਹਵੀਂ ਸ਼੍ਰੇਣੀ ਵਿੱਚ ਕੰਟੀਨਿਊ ਹੋਣੀ ਹੈ। ਸਾਲ ਸੈਸ਼ਨ 2011–12 ਲਈ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਕੰਟੀਨਿਊਏਸ਼ਨ ਰਿਟਰਨ ਭੇਜੀ ਜਾਣੀ ਹੈ। ਬਾਰ੍ਹਵੀਂ ਸ਼੍ਰੇਣੀ ਵਿੱਚ ਕੇਵਲ ਬਾਹਰਲੇ ਬੋਰਡਾਂ ਤੋਂ ਆਏ ਵਿਦਿਆਰਥੀਆਂ ਦੀ ਰਜਿ: ਰਿਟਰਨ ਭੇਜੀ ਜਾਵੇ। ਜਿਹੜੇ ਵਿਦਿਆਰਥੀ ਗਿਆਰ੍ਹਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਕੀਤੇ ਗਏ ਹਨ, ਰਜਿਸਟਰਡ ਨਹੀਂ ਹੋਏ ਅਤੇ ਦਾਖਲਾ ਯੋਗਤਾ ਪੂਰੀ ਕਰਦੇ ਹਨ। ਅਜਿਹੇ ਵਿਦਿਆਰਥੀਆਂ ਦੀ ਨਵੀਂ ਰਜਿ: ਹੋਣੀ ਹੈ। ਦਾਖਲਾ ਸਾਲ 2011–12 ਲਈ ਰਜਿ: ਰਿਟਰਨ ਭੇਜਣ ਲਈ ਲੋੜੀਂਦੇ ਪ੍ਰੋਫਾਰਮੇ ਬੋਰਡ ਦੀ ਵੈਬਸਾਈਟ ਤੋਂ ਕਢਵਾਏ ਜਾਣ। **(ਬੋਰਡ ਵੱਲੋਂ ਵੱਖਰੇ ਤੌਰ ਤੇ ਰਜਿਸਟ੍ਰੇਸ਼ਨ ਫਾਰਮ ਨਹੀਂ ਭੇਜੇ ਜਾਣਗੇ)।** ਇਹ ਰਿਟਰਨਾਂ ਲੜੀ ਨੰ: 16 ਤੇ ਦਰਸਾਏ ਸ਼ਡਿਊਲ ਅਨੁਸਾਰ ਮੁੱਖ ਦਫਤਰ ਜਾਂ ਜਿਲ੍ਹਾ ਪਾਠ–ਪੁਸਤਕਾਂ ਵਿਕਰੀ ਡਿੱਪੂ ਵਿਖੇ ਲੋੜੀਂਦੀ ਫੀਸ ਸਮੇਤ ਪਹੁੰਚ ਜਾਣੀਆਂ ਚਾਹੀਦੀਆਂ ਹਨ। **(ਰਿਟਰਨ ਫਾਰਮ ਅੰਗਰੇਜੀ ਦੇ ਵੱਡੇ ਅੱਖਰਾਂ ਵਿੱਚ ਭਰ ਕੇ ਭੇਜੇ ਜਾਣ)**

***ਜਰੂਰੀ ਨੋਟ*** :– ਰਜਿ: ਰਿਟਰਨ ਵਿੱਚ ਦਰਜ ਵਿਦਿਆਰਥੀ/ ਵਿਦਿਆਰਥੀਆਂ ਜਿਹਨਾਂ ਨੂੰ ਇਸ ਦਫਤਰ ਵੱਲੋਂ ਰਜਿ: ਨੰ: ਅਲਾਟ ਕੀਤਾ ਜਾਣਾ ਹੈ, ਦੇ ਦਾਖਲੇ ਨਾਲ ਸਬੰਧਤ ਲੋੜੀਂਦੇ ਦਸਤਾਵੇਜ਼ ਜਿਹਨਾਂ ਤੇ ਅਧਾਰ ਤੇ ਦਾਖਲਾ ਦਿੱਤਾ ਗਿਆ ਹੈ, ਰਜਿ: ਰਿਟਰਨ ਦੇ ਨਾਲ ਹੀ ਹਰ ਹਾਲਤ ਵਿੱਚ ਨੱਥੀ ਕਰਕੇ ਭੇਜੇ ਜਾਣ। ਇਸ ਸਬੰਧੀ ਜੇਕਰ ਦਫਤਰ ਵੱਲੋਂ ਪੱਤਰ ਵਿਹਾਰ ਨਹੀਂ ਕੀਤਾ ਜਾਂਦਾ ਹੈ ਤਾਂ ਵੀ ਦਸਤਾਵੇਜ਼ ਭੇਜਣ ਸਬੰਧੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

**ਨੋਟ:–ਫਾਰਮ ਨੰ: ਈ.1 ਦੀ ਇੱਕ ਪਰਤ ਅਤੇ ਈ–2 ਦੀਆਂ ਤਿੰਨ–ਤਿੰਨ ਪਰਤਾਂ ਭੇਜੀਆਂ ਜਾਣ (ਕੇਵਲ ਸਾਲ/ਸੈਸ਼ਨ 2011–12 ਦੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ)। ਫਾਰਮ ਨੰ:ਟੀ–2 ਦੀਆਂ ਤਿੰਨ–ਤਿੰਨ ਪਰਤਾਂ ਭੇਜੀਆਂ ਜਾਣ।**

**ਰਿਟਰਨ ਫਾਰਮ ਭਰਨ ਤੋਂ ਪਹਿਲਾਂ ਨਿਮਨਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ।**

1. ਜਿਨ੍ਹਾਂ ਵਿਦਿਆਰਥੀਆਂ ਦੀ ਅੱਠਵੀਂ/ਦਸਵੀਂ ਸ਼੍ਰੇਣੀਆਂ ਵਿੱਚ ਰਜਿਸਟ੍ਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕੀਤੀ ਗਈ ਹੈ, ਉਨ੍ਹਾਂ ਵਿਦਿਆਰਥੀਆਂ ਦੇ ਵੇਰਵੇ ਫਾਰਮ ਈ–1 ਵਿੱਚ ਭਰੇ ਜਾਣ। ਇਨ੍ਹਾਂ ਵਿਦਿਆਰਥੀਆਂ ਤੋਂ ਕੰਟੀਨਿਊਏਸ਼ਨ ਫੀਸ 100/– ਰੁ: ਪ੍ਰਤੀ ਵਿਦਿਆਰਥੀ ਲਈ ਜਾਵੇ।
2. ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਵੇਰਵੇ ਈ–2 ਅਤੇ ਟੀ–2 ਵਿੱਚ ਭਰੇ ਜਾਣ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਮਾਈਗ੍ਰੇਸ਼ਨ ਸਰਟੀਫਿਕੇਟ ਅਸਲ ਅਤੇ ਦੱਸਵੀਂ / ਗਿਆਰ੍ਹਵੀਂ ਪ੍ਰੀਖਿਆ ਪਾਸ ਸਬੰਧੀ ਸਰਟੀਫਿਕੇਟ (ਨਤੀਜਾ ਕਾਰਡ ) ਦੀ ਸਬੰਧਤ ਸਕੂਲ ਮੁੱਖੀ ਵੱਲੋਂ ਫੋਟੋ ਸਟੈਟ ਤਸਦੀਕ ਸ਼ੁਦਾ ਕਾਪੀ ਅਤੇ ਦਾਖਲੇ ਲਈ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਜਾਰੀ ਸਮਾਨਤਾ ਪੱਤਰ ਯੋਗਤਾ ਚੈੱਕ ਕਰਨ ਲਈ ਰਿਟਰਨ ਫਾਰਮ ਨਾਲ ਭੇਜੇ ਜਾਣ। ਹੇਠਲੀ ਪ੍ਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡਾਂ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਬਾਕੀ ਬੋਰਡਾਂ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਰਜਿਸਟ੍ਰੇਸ਼ਨ ਰਿਟਰਨਾਂ ਨਾਲ ਭੇਜੇ ਜਾਣ। ਲੋੜ ਪੈਣ ਤੇ ਅਸਲ ਦਸਤਾਵੇਜ਼ ਵੀ ਮੰਗਵਾਏ ਜਾ ਸਕਦੇ ਹਨ। ਜਿਨ੍ਹਾਂ ਰਾਜਾਂ ਵਿੱਚ ਗਿਆਰ੍ਹਵੀਂ ਦੀ ਪ੍ਰੀਖਿਆ ਸਕੂਲ / ਕਾਲਜ ਪੱਧਰ ਤੇ ਲਈ ਜਾਂਦੀ ਹੈ, ਭਾਵ ਸਬੰਧਤ ਬੋਰਡ ਵੱਲੋਂ ਪ੍ਰੀਖਿਆ ਨਹੀਂ ਲਈ ਜਾਂਦੀ, ਉਨ੍ਹਾਂ ਵਿਦਿਆਰਥੀਆਂ ਦੇ ਅਸਲ ਸਕੂਲ ਲੀਵਿੰਗ ਸਰਟੀਫਿਕੇਟ /ਟਰਾਂਸਫਰ ਸਰਟੀਫਿਕੇਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ / ਸੀ.ਬੀ.ਐਸ.ਈ,ਆਈ.ਸੀ.ਐਸ.ਈ ਦੇ ਸਮਰੱਥ ਅਧਿਕਾਰੀ ਤੋਂ ਕਾਊਂਟਰ ਸਾਈਨ ਹੋਣੇ ਚਾਹੀਦੇ ਹਨ ਤਦ ਹੀ ਅਜਿਹੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਕੀਤਾ ਜਾਵੇ। ਇਨ੍ਹਾਂ ਵਿਦਿਆਰਥੀਆਂ ਦਾ ਇੰਦਰਾਜ ਫਾਰਮ ਈ–2, ਟੀ–2 ਵਿੱਚ ਕੀਤਾ ਜਾਵੇ। ਪੰਜਾਬ ਸਕੂਲ ਸਿੱਖਿਆ ਬੋਰਡ ਤੋ. ਇਲਾਵਾ ਦੂਜੇ ਬੋਰਡਾਂ ਤੋ. ਆਉਣ ਵਾਲੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਫੀਸ 1000/– ਰੁ: ਹੈ। ਜਿਹੜੇ ਵਿਦਿਆਰਥੀ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣਗੇ, ਉਨ੍ਹਾਂ ਦੀ ਰਜਿ: ਰਿਟਰਨ ਗਿਆਰ੍ਹਵੀਂ ਸ਼੍ਰੇਣੀ ਵਿੱਚ ਹੀ ਭੇਜੀ ਜਾਵੇ। ਦਾਖਲੇ ਨਾਲ ਸਬੰਧਤ ਲੋੜੀਂਦੇ ਦਸਤਾਵੇਜ ਰਿਟਰਨ ਨਾਲ ਨਾ ਭੇਜਣ ਦੀ ਸੂਰਤ ਵਿੱਚ ਕਿਸੇ ਵਿਦਿਆਰਥੀ ਨੂੰ ਸਮੇਂ ਸਿਰ ਰਜਿ: ਨੰ: ਅਲਾਟ ਨਾ ਹੋਣ ਸਬੰਧੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
3. ਬਾਰ੍ਹਵੀਂ ਸ਼੍ਰੇਣੀ ਵਿੱਚ ਉਹੀ ਵਿਦਿਆਰਥੀ ਦਾਖਲ ਕੀਤਾ ਜਾਵੇ ਜਿਸ ਨੇ ਗਿਆਰ੍ਹਵੀਂ ਸ਼੍ਰੇਣੀ ਸਰਕਾਰੀ, ਬੋਰਡ ਨਾਲ ਐਫੀਲੀਏਟਿਡ /ਮਾਨਤਾ ਪ੍ਰਾਪਤ/ ਏਡਿਡ ਸਕੂਲ ਤੋਂ ਪਾਸ ਕੀਤੀ ਹੋਵੇ।

4. **ਨਿਰਧਾਰਤ ਦੋ ਮੌਕਿਆਂ ਵਿੱਚ ਮੈਟ੍ਰਿਕ ਪ੍ਰੀਖਿਆ ਪਾਸ ਨਾਂ ਕਰਨ ਵਾਲੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਜੇਕਰ ਇਹ ਪ੍ਰੀਖਿਆ ਗੋਲਡਨ ਚਾਂਸ ਵਿੱਚ ਪਾਸ ਕਰਦੇ ਹਨ ਤਾਂ, ਉਹ ਗਿਆਰਵੀਂ ਸ਼੍ਰੇਣੀ ਵਿੱਚ ਚਾਲੂ ਸੈਸ਼ਨ ਦੌਰਾਨ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀਂ ਹੋਣਗੇ।**

5. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ। ਅਯੋਗ ਵਿਦਿਆਰਥੀ ਦਾ ਦਾਖਲਾ ਸਕੂਲ/ਬੋਰਡ ਲਈ ਗੰਭੀਰ ਔਕੜਾਂ ਪੈਦਾ ਕਰ ਸਕਦਾ ਹੈ। ਬਾਅਦ ਵਿਚ ਅਜਿਹੇ ਕੇਸ ਸਭਨਾਂ ਲਈ ਕਾਨੂੰਨੀ ਮਸਲੇ ਖੜੇ ਕਰ ਦਿੰਦੇ ਹਨ।

6. ਦਾਖਲਾ ਅਕਾਦਮਿਕ ਸ਼ਾਖਾ ਵਲੋਂ ਜਾਰੀ ਕੀਤੇ ਦਾਖਲਾ ਸ਼ਡਿਊਲ ਅਨੁਸਾਰ ਹੀ ਕੀਤਾ ਜਾਵੇ।

7. ਬੋਰਡ ਵਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡਾਂ ਤੋਂ ਪੜਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਗਿਆਰਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਬੋਰਡ ਤੋਂ ਲੇਟ ਦਾਖਲਾ/ਇੰਟਰ ਬੋਰਡ ਮਾਈਗਰੇਸ਼ਨ ਦੀ ਪ੍ਰਵਾਨਗੀ ਮਾਨਯੋਗ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਲਏ ਬਿਨਾਂ ਦਾਖਲ ਨਾ ਕੀਤੇ ਜਾਣ।

8. ਕਿਸੇ ਵੀ ਬੋਰਡ/ਸਮੂਹ ਨੈਸ਼ਨਲ ਓਪਨ ਸਕੂਲ ਜਿਸ ਦੀ ਮੈਟ੍ਰਿਕ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਪ੍ਰੀਖਿਆ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਰਾਜ ਦੇ ਸਰਕਾਰੀ/ਏਡਿਡ/ ਮਾਨਤਾ ਪ੍ਰਾਪਤ /ਐਫਿਲੀਏਟਿਡ ਸਕੂਲਾਂ ਵਿਚ +1 ਸ਼੍ਰੇਣੀ ਵਿਚ ਰੈਗੂਲਰ ਵਿਦਿਆਰਥੀ ਵਜੋਂ ਦਾਖਲੇ ਲਈ ਯੋਗ ਹਨ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਵਿਚ ਦਰਜ਼ ਉਪਬੰਧ ਵਾਂਗ ਮੈਟ੍ਰਿਕ ਪ੍ਰੀਖਿਆ ਪਹਿਲੇ ਦੋ ਮੌਕਿਆਂ ਵਿਚ ਪਾਸ ਕਰ ਲੈਂਦੇ ਹਨ।

9.(ੳ) ਜਿਹੜਾ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਪਹਿਲਾਂ ਦਾਖਲ ਹੋ ਚੁੱਕਾ ਹੈ ਉਸ ਨੂੰ ਆਪਣੀ ਸੰਸਥਾ ਵਿੱਚ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਿਨਾਂ ਦਾਖਲ ਨਾ ਕੀਤਾ ਜਾਵੇ। ਜਿਸ ਵਿਦਿਆਰਥੀ ਨੇ ਸਰਕਾਰੀ/ਏਡਿਡ/ ਮਾਨਤਾ ਪ੍ਰਾਪਤ /ਐਫੀਲੀਏਟਿਡ ਸਕੂਲ (ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ) ਤੋਂ ਗਿਆਰਵੀਂ ਸ਼੍ਰੇਣੀ ਪਾਸ ਕੀਤੀ ਹੈ ਅਤੇ ਉਸ ਦੇ ਸਕੂਲ ਛੱਡਣ ਵਾਲੇ ਸਰਟੀਫਿਕੇਟ ਤੇ ਉਸ ਦਾ ਰਜਿ: ਨੰ ਦਰਜ ਹੈ ਉਹ ਕਿਸੇ ਵੀ ਸਕੂਲ ਵਿੱਚ ਬਾਰ੍ਹਵੀਂ ਸ਼੍ਰੇਣੀ ਵਿਚ ਦਾਖਲੇ ਲਈ ਯੋਗ **ਹੈ। ਬੋਰਡ ਵੱਲੋਂ ਜਾਰੀ ਦਾਖਲਾ ਸ਼ੈਡਿਊਲ ਦੀਆਂ ਮਿਤੀਆਂ ਤੱਕ ਸਕੂਲ ਤੋਂ ਸਕੂਲ/ਇੰਟਰਬੋਰਡ ਮਾਈਗ੍ਰੇਸ਼ਨ ਦੀ ਲੋੜ ਨਹੀਂ ਹੈ। ਮਾਈਗ੍ਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ।**

(ਅ) ਗਿਆਰਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਸਮੈਸਟਰ ਦੀ ਪ੍ਰੀਖਿਆ ਸ਼ੁਰੂ ਹੋਣ ਤੋਂ 45 ਦਿਨ ਪਹਿਲਾ ਤੱਕ 600/- ਰੁ: ਫੀਸ ਅਤੇ 30 ਦਿਨ ਪਹਿਲਾ 1000/- ਰੁ: ਫੀਸ ਨਾਲ ਵਿਰਲੇ ਕੇਸਾਂ ਜਿਵੇਂ ਮਾਤਾ ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਦੀ ਸੂਰਤ ਵਿੱਚ ਇਹ ਮਾਈਗ੍ਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਜੀ ਵਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ ਅਤੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਤੋਂ ਬਾਅਦ 1500/-ਫੀਸ ਨਾਲ ਵਿਰਲੇ ਕੇਸਾਂ ਜਿਵੇਂ ਮਾਤਾ ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਦੀ ਸੂਰਤ ਵਿੱਚ ਇਹ ਮਾਈਗ੍ਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਜੀ ਵਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ

10. ਕਈ ਸਕੂਲਾਂ ਦੇ ਮੁੱਖੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਭੇਜਣ ਤੋਂ ਪਿਛੋਂ ਵੀ ਵਿਦਿਆਰਥੀ ਦਾਖਲ ਕਰ ਲੈਂਦੇ ਹਨ ਅਤੇ ਰਿਟਰਨ ਨਹੀਂ ਭੇਜਦੇ । ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਹਰ ਦਾਖਲ ਕੀਤੇ ਵਿਦਿਆਰਥੀ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਬੋਰਡ ਨੂੰ ਭੇਜਣੀ ਹੈ। ਅਜਿਹਾ ਨਾਂ ਕਰਨ ਦੀ ਹਾਲਤ ਵਿੱਚ ਸਾਰੀ ਜਿੰਮੇਵਾਰੀ ਮੁੱਖੀ ਦੀ ਹੋਵੇਗੀ।

11. ਲੇਟ ਫੀਸ ਨਾਲ ਨਿਸ਼ਚਿਤ ਦਾਖਲੇ ਦੀ ਮਿਤੀ ਤੋਂ ਪਿੱਛੇ ਕੋਈ ਵੀ ਵਿਦਿਆਰਥੀ ਆਪਣੇ ਤੌਰ ਤੇ ਦਾਖਲ ਨਾ ਕੀਤਾ ਜਾਵੇ।

12. ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਰਜਿ: ਨੰ ਨਾ ਲਗਾਇਆ ਜਾਵੇ।

13. ਦਾਖਲੇ ਦੀ ਮਿਤੀ ਅਨੁਸਾਰ ਬਣਦੀ ਫੀਸ ਬੈਂਕ ਡਰਾਫਟ ਰਾਹੀਂ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਜਾਂ ਬੋਰਡ ਦੇ ਖਜ਼ਾਨਚੀ ਪਾਸ ਜਮ੍ਹਾਂ ਕਰਵਾਈ ਜਾਵੇ ਅਤੇ ਰਸੀਦ ਨਾਲ ਨੱਥੀ ਕੀਤੀ ਜਾਵੇ।

14. ਰਜਿਸਟਰੇਸ਼ਨ ਰਿਟਰਨ ਤਿਆਰ ਕਰਦੇ ਸਮੇਂ ਬੋਰਡ ਵਲੋਂ ਸਕੂਲ ਨੂੰ ਜਾਰੀ ਕੀਤਾ ਸ਼ਨਾਖਤੀ ਨੰਬਰ ਜ਼ਰੂਰ ਲਿਖਿਆ ਜਾਵੇ।

15. ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਬੋਰਡ ਵਲੋਂ ਪ੍ਰਵਾਨਿਤ ਗਰੁੱਪਾਂ ਅਨੁਸਾਰ ਹੀ ਦਾਖਲਾ ਦਿੱਤਾ ਜਾਵੇ।

16. ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ/ਫੀਸ ਦਫਤਰ ਪਹੁੰਚਣ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹੋਣਗੀਆਂ:-

| | |
|---|---|
| ਮੁੱਖ ਰਿਟਰਨ ਬਿਨਾਂ ਲੇਟ ਫੀਸ | ਮਿਤੀ- 23-05-2011 ਤੱਕ |
| ਮੁੱਖ ਰਿਟਰਨ 100/- ਰੁ. ਲੇਟ ਫੀਸ ਪ੍ਰਤੀ ਵਿਦਿਆਰਥੀ ਅਤੇ 2000/- ਰੁ. ਜੁਰਮਾਨਾ ਰਾਸ਼ੀ ਸਹਿਤ | ਮਿਤੀ- 30-05-2011 ਤੱਕ |
| ਇੱਕਾ ਦੁੱਕਾ ਵਿਦਿਆਰਥੀਆਂ ਦੀ ਸਪਲੀਮੈਂਟਰੀ ਰਿਟਰਨ 100/-ਰੁ. ਲੇਟ ਫੀਸ ਪ੍ਰਤੀ ਵਿਦਿਆਰਥੀ 500/-ਰੁ. ਜੁਰਮਾਨਾ ਰਾਸੀ ਸਾਹਿਤ | ਮਿਤੀ- 30-05-2011 ਤੱਕ |

ਉਪਰੋਕਤ ਆਖਰੀ ਮਿਤੀਆਂ ਪਿੱਛੋਂ ਜੇਕਰ ਕੋਈ ਵਿਰਲਾ ਕੇਸ ਪ੍ਰਾਪਤ ਹੁੰਦਾ ਹੈ ਤਾਂ ਉਸ ਵਿੱਚ ਨਿਰਧਾਰਤ ਫੀਸਾਂ ਤੋਂ ਇਲਾਵਾ ਵੱਧ ਜੁਰਮਾਨਾ ਰਾਸ਼ੀ ਚੇਅਰਮੈਨ ਸਾਹਿਬ ਦੇ ਆਦੇਸ਼ਾਂ ਅਨੁਸਾਰ ਚਾਰਜ ਕੀਤੀ ਜਾਵੇਗੀ।

ਡਿਪਟੀ ਡਾਇਰੈਕਟਰ (ਕੰਪਿ. ਸੈੱਲ)
ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ